“ਉਹ ਆਪਣੇ ਪਰਿਵਾਰ ਦੀ ਖਿਦਮਤ ਵਿੱਚ ਰਹਿੰਦੇ ਸਨ” — ਯਾਨੀ ਆਪਣੇ ਪਰਿਵਾਰ ਦੀ ਸੇਵਾ ਕਰਦੇ ਸਨ — “ਅਤੇ ਜਦੋਂ ਨਮਾਜ਼ ਦਾ ਵਕਤ ਆ ਜਾਂਦਾ, ਤਾਂ ਉਹ ਨਮਾਜ਼ ਲਈ ਨਿਕਲ ਜਾਂਦੇ ਸਨ।”

ਅਸਵਦ ਬਿਨ ਯਜ਼ੀਦ ਤੋਂ ਰਿਵਾਇਤ ਹੈ ਕਿ ਉਸ ਨੇ ਕਿਹਾ: ਮੈਂ ਆਇਸ਼ਾ ਰਜ਼ੀਅੱਲਾਹੁ ਅਨਹਾ ਤੋਂ ਪੁੱਛਿਆ ਕਿ ਨਬੀ ਸੱਲੱਲਾਹੁ ਅਲੈਹਿ ਵਸੱਲਮ ਆਪਣੇ ਘਰ ਵਿੱਚ ਕੀ ਕਰਦੇ ਸਨ? ਉਹਨੇ ਕਿਹਾ: “ਉਹ ਆਪਣੇ ਪਰਿਵਾਰ ਦੀ
ਖਿਦਮਤ ਵਿੱਚ ਰਹਿੰਦੇ ਸਨ” — ਯਾਨੀ ਆਪਣੇ ਪਰਿਵਾਰ ਦੀ ਸੇਵਾ ਕਰਦੇ ਸਨ — “ਅਤੇ ਜਦੋਂ ਨਮਾਜ਼ ਦਾ ਵਕਤ
ਆ ਜਾਂਦਾ, ਤਾਂ ਉਹ ਨਮਾਜ਼ ਲਈ ਨਿਕਲ ਜਾਂਦੇ ਸਨ।” [صحيح] [رواه البخاري]

ਉਮੁੱਲ ਮੋਮਿਨੀਨ ਆਇਸ਼ਾ ਰਜ਼ੀਅੱਲਾਹੁ ਅਨਹਾ ਤੋਂ ਪੁੱਛਿਆ ਗਿਆ ਕਿ ਨਬੀ ਸੱਲੱਲਾਹੁ ਅਲੈਹਿ ਵਸੱਲਮ ਦਾ ਆਪਣੇ ਘਰ ਵਿੱਚ ਕਿਹੋ ਜਿਹਾ ਹਾਲ ਹੁੰਦਾ ਸੀ ਅਤੇ ਉਹ ਕੀ ਕਰਦੇ ਸਨ? ਉਹਨੇ ਕਿਹਾ: ਉਹ ਵੀ ਇਨਸਾਨ ਸਨ ਜਿਵੇਂ ਹੋਰ ਲੋਕ ਹੁੰਦੇ ਹਨ, ਅਤੇ ਉਹ ਉਹੀ ਕੰਮ ਕਰਦੇ ਸਨ ਜੋ ਮਰਦ ਆਪਣੇ ਘਰਾਂ ਵਿੱਚ ਕਰਦੇ ਹਨ। ਉਹ ਆਪਣੀ ਅਤੇ ਆਪਣੇ ਪਰਿਵਾਰ ਦੀ ਖਿਦਮਤ ਕਰਦੇ ਸਨ; ਆਪਣੀ ਬੱਕਰੀ ਦਾ ਦੁੱਧ ਦੁਹਿੰਦੇ ਸਨ, ਆਪਣਾ ਕੱਪੜਾ ਸੀਅਦੇ ਸਨ, ਆਪਣੀ ਜੁੱਤੀ ਮੁਰੰਮਤ ਕਰਦੇ ਸਨ, ਆਪਣੀ ਬਾਲਟੀ ਰਫੂ ਕਰਦੇ ਸਨ, ਅਤੇ ਜਦੋਂ ਨਮਾਜ਼ ਦੀ ਇਕਾਮਤ ਹੋ ਜਾਂਦੀ, ਤਾਂ ਬਿਨਾ ਦੇਰੀ ਕੀਤੇ ਨਮਾਜ਼ ਲਈ ਨਿਕਲ ਜਾਂਦੇ ਸਨ।

http://sunnah.global/hadeeth/pa/show/6220